ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ, ਭਵਨ ਤੇ ਮਾਰਗ ਸ਼ਾਖਾ, ਸਰਹਿੰਦ।
Email:- eecdsirhindpwdpb@gmail.com, Phone:- 01763-222275

ਵੱਲ,

ਸ਼੍ਰੀ ਕਰਮਜੀਤ ਸਿੰਘ ਪੁੱਤਰ ਸ਼੍ਰੀ ਬਲਦੇਵ ਸਿੰਘ,
ਪਿੰਡ ਧੁੰਦਾ, ਤਹਿਸ਼ੀਲ ਬਸੀ ਪਠਾਣਾ,
ਜਿਲ੍ਹਾ ਫਤਹਿਗੜ੍ਹ ਸਾਹਿਬ।

ਮੀਮੋ ਨੰ. 1136 ਮਿਤੀ:-25/5/18

ਵਿਸ਼ਾਂ:- ਰਾਜਿੰਦਰਗੜ੍ਹ ਤੋਂ ਬਰਾਸ ਰੋਡ ਕਿ.ਮੀ. 5-6 ਕਿ.ਮੀ. ਲੈਫਟ ਸਾਇਡ ਪਿੰਡ ਢੋਲਾਂ ਵਿਖੇ ਮੈਰਿਜ ਪੈਲੇਸ ਲਈ ਰਸਤਾ ਵਰਤਣ ਦਾ ਐਨ.ਓ.ਸੀ. ਜਾਰੀ ਕਰਨ ਸਬੰਧੀ।

ਹਵਾਲਾ:- ਆਪ ਦਾ ਪੱਤਰ ਮਿਤੀ 27.04.2018

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਲੋਕ ਨਿਰਮਾਣ ਵਿਭਾਗ, ਸਰਹਿੰਦ ਨੇ ਰਿਪੋਰਟ ਕੀਤੀ ਹੈ ਕਿ ਮੌਕੇ ਮੁਤਾਬਿਕ ਰਸਤਾ ਵਰਤਣ ਲਈ ਬਣਦੀ ਰਕਮ 100400/- ਰੁਪਏ ਜਮ੍ਹਾਂ ਕਰਵਾ ਦਿੱਤੀ ਹੈ। ਇਸ ਲਈ ਆਪ ਨੂੰ ਰਸਤਾ ਵਰਤਣ ਦਾ ਐਨ.ਓ.ਸੀ. ਸਰਕਾਰ ਵੱਲੋਂ ਸਮੇਂ ਸਮੇਂ ਸਿਰ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਹੇਠ ਲਿਖੇ ਅਨੁਸਾਰ ਜਾਰੀ ਕੀਤਾ ਜਾਂਦਾ ਹੈ:-

1) ਸੀ.ਐਲ.ਯੂ ਪ੍ਰਾਪਤ ਹੋਣ ਤੋਂ ਬਾਅਦ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਜੇਕਰ ਕੋਈ ਹੋਰ ਰਕਮ ਲੈਣੀ ਬਣਦੀ ਹੋਵੇਗੀ ਤਾਂ ਉਹ ਰਕਮ ਮਾਲਕ ਨੂੰ ਜਮ੍ਹਾਂ ਕਰਵਾਉਣ ਪਵੇਗੀ।
2) ਇਹ ਕਿ ਮਾਲਕ ਬਿਲਡਿੰਗ ਦੀ ਉਸਾਰੀ ਆਪਣੀ ਹਦੂਦ ਅੰਦਰ ਕਰੇਗਾ।
3) ਇਹ ਕਿ ਜਦੋਂ ਵੀ ਸਰਕਾਰ ਦੀ ਪਾਲਿਸੀ ਮੁਤਾਬਿਕ ਸੜਕ ਨੂੰ ਚੌੜਾ ਕਰਨ ਦੀ ਲੋੜ ਪਵੇਗੀ ਤਾਂ ਮਹਿਕਮਾ ਇਸ ਰਸਤੇ ਨੂੰ ਸੜਕ ਲਈ ਵਰਤੇਗਾ, ਮਹਿਕਮਾ ਇਸ ਸਬੰਧੀ ਕੋਈ ਵੀ ਮੁਆਵਜਾ ਨਹੀਂ ਦੇਵੇਗਾ।
4) ਮਾਲਕ ਮਹਿਕਮੇ ਦੀਆਂ ਸਮੇਂ ਸਮੇਂ ਅਨੁਸਾਰ ਜਾਰੀ ਹੋਈਆਂ ਸ਼ਰਤਾਂ ਨੂੰ ਮੰਨਣ ਦਾ ਪਾਬੰਦ ਹੋਵੇਗਾ।
5) ਬਰਮਾਂ ਨੂੰ ਉੱਚਾ ਨਾ ਕੀਤਾ ਜਾਵੇ ਤਾਂ ਜੋ ਟਰੈਫਿਕ ਵਿੱਚ ਕੋਈ ਅੜਚਨ ਪੇਸ਼ ਨਾ ਆਵੇ।
6) ਪਾਣੀ ਦੀ ਨਿਕਾਸੀ ਦੀ ਰੋਕ ਨਾ ਲਾਈ ਜਾਵੇ।

25/5/18

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
ਸਰਹਿੰਦ।

ਪਿੱਠ ਅੰਕਣ ਨੰ. ਮਿਤੀ:-

ਉਪਰੋਕਤ ਦਾ ਉਤਾਰਾ ਉਪ ਮੰਡਲ ਇੰਜੀਨੀਅਰ, ਉਸਾਰੀ ਉਪ ਮੰਡਲ, ਸਰਹਿੰਦ ਨੂੰ ਉਨ੍ਹਾਂ ਦੇ ਦਫਤਰੀ ਪੱਤਰ ਨੰ.90 ਮਿਤੀ 22.05.2018 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ, ਲੋਕ ਨਿਰਮਾਣ ਵਿਭਾਗ,
ਸਰਹਿੰਦ।